# 11. ਡਾ. ਜਗਤਾਰ

ਡਾ. ਜਗਤਾਰ ਇੱਕੋ ਸਮੇਂ ਸਿਰੜੀ ਖੋਜੀ, ਸੰਪਾਦਕ, ਅਨੁਵਾਦਕ ਦੇ ਨਾਲ-ਨਾਲ ਕਵੀ ਵਜੋਂ ਵੀ ਜਾਣਿਆ ਜਾਂਦਾ ਹੈ। ਉਰਦੂ ਤੇ ਸ਼ਾਹਮੁਖੀ ਦੀ ਜਾਣਕਾਰੀ ਹੋਣ ਕਰਕੇ ਉਹ ਪਾਕਿਸਤਾਨੀ ਪੰਜਾਬੀ ਸਾਹਿਤ ਦਾ ਵੀ ਚੰਗਾ ਗਿਆਤਾ ਹੈ।

ਡਾ. ਜਗਤਾਰ ਦਾ ਜਨਮ 23 ਮਾਰਚ 1935 ਨੂੰ ਮਾਤਾ ਗੁਰਚਰਨ ਕੌਰ, ਪਿਤਾ ਨੱਥਾ ਸਿੰਘ ਦੇ ਘਰ ਪਿੰਡ ਰਾਜ ਗੁਮਾਲ, ਜਿਲ੍ਹਾ ਜਲੰਧਰ ਵਿਖੇ ਹੋਇਆ। ਉਸ ਦਾ ਰਚਨਾ ਕਾਲ 1957 ਤੋਂ ਲੈ ਕੇ ਸਮਕਾਲ ਤੱਕ ਫ਼ੈਲਿਆ ਹੋਇਆ ਹੈ। ਉਹ ਸਮੇਂ-ਸਮੇਂ ਪਨਪਦੀਆਂ ਲਹਿਰਾਂ ਦੇ ਸਮਵਿੱਥ ਰਚਨਾਕਾਰੀ ਕਰਦਾ ਰਿਹਾ ਹੈ। ਇਸੇ ਕਰਕੇ ਸੁਭਾਵਿਕ ਹੀ ਵਿਭਿੰਨ ਲਹਿਰਾਂ ਦਾ ਪ੍ਰਭਾਵ ਉਸ ਦੀਆਂ ਰਚਨਾਵਾਂ 'ਚੋਂ ਦੇਖਿਆ ਜਾ ਸਕਦਾ ਹੈ। 'ਰੁੱਤਾਂ ਰਾਂਗਲੀਆਂ', 'ਤਲਖੀਆਂ ਰੰਗੀਲੀਆਂ', 'ਦੁੱਧ ਪੱਥਰੀ', 'ਅਧੂਰਾ ਆਦਮੀ', 'ਲਹੂ ਦੇ ਨਕਸ਼', 'ਛਾਂਗਿਆ ਰੁੱਖ', 'ਸ਼ੀਸ਼ੇ ਦਾ ਜੰਗਲ', 'ਜੰਜ਼ੀਰੀਆਂ ਵਿੱਚ ਘਿਰਿਆ ਸਮੁੰਦਰ', 'ਪ੍ਰਵੇਸ਼ ਦੁਆਰ' ਆਦਿ ਉਸ ਦੀਆਂ ਕਾਵਿ ਪੁਸਤਕਾਂ ਹਨ। 1995 ਵਿੱਚ ਭਾਰਤੀ ਸਾਹਿਤ ਅਕਾਦਮੀ, ਦਿੱਲੀ ਵੱਲੋਂ 'ਜੁਗਨੂੰ ਦੀਵਾ ਤੇ ਦਰਿਆ' ਕਾਵਿ-ਪੁਸਤਕ ਨੂੰ ਪੁਰਸਕਾਰ ਹਾਸਲ ਹੋ ਚੁੱਕਾ ਹੈ।

ਉਸ ਦੀ ਕਵਿਤਾ ਵਿੱਚੋਂ ਵਿਚਾਰਧਾਰਕ ਪੱਧਰ ਤੇ ਪ੍ਰਗਤੀਵਾਦੀ, ਪ੍ਰਗਤੀਸ਼ੀਲ, ਨਕਸਲਵਾਦੀ ਤੇ ਵਿਦਰੋਹੀ ਸੁਰ ਵੀ ਵੇਖੀ ਜਾ ਸਕਦੀ ਹੈ। ਕਲਾਤਮਕ ਪੱਖੋਂ ਉਹ ਪ੍ਰਪੱਕ ਸ਼ਾਇਰ ਹੈ।

## ਬਦੇਸ਼ੀ ਸੌਦਾਗਰ

ਸਾਡੇ ਅਸਟੋਰਾਂ 'ਚ ਹੈ ਬਾਰੂਦ ਭਰਿਆ
ਸਾਡੇ ਗੋਦਾਮਾਂ ਦੇ ਅੰਦਰ
ਭੁੱਖ ਹੈ।

ਬਹੁਤ ਹੀ ਚਾਲਾਕ ਸੌਦਾਗਰ ਨੇ ਸਾਰੇ
ਮੌਤ ਦੀ ਕਰਦੇ ਸਦਾ ਸੌਦਾਗਰੀ,
ਮੁੱਲ ਤਾਂ ਬਾਰੂਦ ਦਾ ਕਰਦੇ ਵਸੂਲ,
ਭੁੱਖ ਪਰ ਦਿੰਦੇ ਫਰੀ।

ਭੁੱਖ ਹੀ ਲੜਦੀ ਹੈ
ਸਰਹੱਦਾਂ ਦੇ ਉੱਤੇ ਭੁੱਖ ਨਾਲ
ਸਾਡੇ ਅਸਟੋਰਾਂ ਦੇ ਵਿੱਚ
ਬਾਰੂਦ ਦੇ ਹੀ ਨਾਲ ਨਾਲ
ਭਰ ਰਹੇ
ਚਾਲਾਕ ਸੌਦਾਗਰ ਬਦੇਸ਼ੀ
ਆਪਣੀ ਮੰਡੀ ਦਾ ਮਾਲ।

ਸਾਡੇ ਅਸਟੋਰਾਂ 'ਚ ਹੈ ਬਾਰੂਦ ਭਰਿਆ
ਸਾਡੇ ਗੋਦਾਮਾਂ ਦੇ ਅੰਦਰ
ਭੁੱਖ ਹੈ।

**(ਅਸਟੋਰਾਂ- ਗੋਦਾਮਾਂ, ਸੌਦਾਗਰ- ਵਪਾਰੀ)**

# ਇਹ ਲਹੂ ਲੋਕਾਂ ਦਾ ਹੈ

ਇਹ ਲਹੂ ਲੋਕਾਂ ਦਾ ਹੈ ਪਾਣੀ ਨਹੀਂ।
ਏਸ ਦੀ ਸੁਰਖ਼ੀ ਕਦੇ ਜਾਣੀ ਨਹੀਂ।

ਤੇਰੇ ਲਈ ਛਣਕਾ ਕੇ ਲੰਘੇ ਬੇੜੀਆਂ,
ਤੂੰ ਹੀ ਸਾਡੀ ਚਾਲ ਪਹਿਚਾਣੀ ਨਹੀਂ।

ਕਾਫ਼ਲੇ ਵਿੱਚ ਤੂੰ ਨਹੀਂ ਭਾਵੇਂ ਰਿਹਾ,
ਯਾਦ ਤੇਰੀ ਦਿਲ 'ਚੋਂ ਪਰ ਜਾਣੀ ਨਹੀਂ।

ਦੁਸ਼ਮਣਾਂ ਹਥਿਆਰ ਸਾਰੇ ਵਰਤਣੇ,
ਜ਼ਿੰਦਗੀ ਨੇ ਮਾਤ ਪਰ ਖਾਣੀ ਨਹੀਂ।

ਦੋਸਤੋ ਜੇ ਮਰ ਗਏ ਹਾਂ ਗ਼ਮ ਨਹੀ,
ਦਾਸਤਾਂ ਸਾਡੀ ਕਦੇ ਜਾਣੀ ਨਹੀਂ।

ਸਾਡੇ ਦਮ ਖ਼ਮ ਨਾਲ ਇਹ ਖ਼ਮ ਜਾਣਗੇ,
ਲਿਟ ਕਿਸੇ ਨੇ ਹੋਰ ਸੁਲਝਾਣੀ ਨਹੀਂ।

ਦਰਦ ਸਾਡੇ ਕੋਲ ਹੈ ਸਾਡਾ ਰਹੇ,
ਰਾਸ ਹਾਲੇ ਕੋਈ ਖ਼ੁਸ਼ੀ ਆਣੀ ਨਹੀਂ

ਬੇੜੀਆਂ ਦੀ ਛਣਕ ਵਿੱਚ ਜੋ ਰਮਜ਼ ਹੈ,

ਕੌਣ ਕਹਿੰਦੈ ਲੋਕਾਂ ਪਹਿਚਾਣੀ ਨਹੀਂ।

**(ਸੁਰਖ਼ੀ– ਲਾਲੀ, ਦਾਗ। ਕਾਫਿਲੇ– ਰਾਹੀਆਂ ਦਾ ਸਮੂਹ, ਮਾਤ–ਹਾਰ, ਛਣਕ–ਆਵਾਜ਼)**

## ਹਰ ਮੋੜ ਤੇ ਸਲੀਬਾਂ (ਗ਼ਜ਼ਲ)

ਹਰ ਮੋੜ ਤੇ ਸਲੀਬਾਂ, ਹਰ ਪੈਰ ਤੇ ਹਨੇਰਾ।
ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਦੇਖ ਜੇਰਾ।

ਪੱਥਰ ’ਤੇ ਨਕਸ਼ ਹਾਂ ਮੈਂ, ਮਿੱਟੀ ’ਤੇ ਤਾਂ ਨਹੀਂ ਹਾਂ,
ਜਿੰਨਾਂ ਕਿਸੇ ਮਿਟਾਇਆ, ਹੁੰਦਾ ਗਿਆ ਡੂੰਘੇਰਾ।

ਕਿੰਨੀ ਕੁ ਦੇਰ ਆਖ਼ਰ, ਧਰਤੀ ਹਨੇਰ ਜਰਦੀ,
ਕਿੰਨੀ ਕੁ ਦੇਰ ਰਹਿੰਦਾ, ਖ਼ਾਮੋਸ਼ ਖ਼ੂਨ ਮੇਰਾ।

ਇਤਿਹਾਸ ਦੇ ਸਫ਼ੇ ’ਤੇ, ਵਕਤ ਦੇ ਪਰਾਂ ’ਤੇ,
ਉਂਗਲਾਂ ਡਬੋ ਲਹੂ ਵਿੱਚ, ਲਿਖਿਆ ਹੈ ਨਾਮ ਤੇਰਾ।

ਹਰ ਕਾਲ ਕੋਠੜੀ ਵਿੱਚ, ਤੇਰੀ ਹੈ ਬਾਤ ਏਦਾਂ,
ਗ਼ਰਾਂ ’ਚ ਚਾਨਣੀ ਦਾ, ਹੋਵੇ ਜਿਵੇਂ ਬਸੇਰਾ।

ਆ ਆ ਕੇ ਯਾਦ ਤੇਰੀ, ਜੰਗਲ ਗ਼ਮਾਂ ਦਾ ਚੀਰੇ,
ਜੁਗਨੂੰ ਹੈ ਚੀਰ ਜਾਂਦਾ, ਜਿਉਂ ਰਾਤ ਦਾ ਹਨੇਰਾ।

ਪੈਰਾਂ ’ਚ ਬੇੜੀਆਂ ਨੇ, ਨਚਦੇ ਨੇ ਲੋਕ ਫਿਰ ਵੀ,

ਕਿਉਂ ਉਡ ਰਿਹਾ ਹੈ ਤਕ ਤਕ, ਚਿਹਰੇ ਦਾ ਰੰਗ ਤੇਰਾ।

ਕਿੰਨੇ ਯਜ਼ੀਦ ਆਵਣ 'ਨਾਸਰ-ਹਸਨ' ਨਾ ਮਰਨੇ,
ਜਿੰਨਾਂ ਵੀ ਕੋਈ ਛਾਂਗੇ, ਫੁੱਟਦਾ ਹੈ ਰੁੱਖ ਵਧੇਰਾ।

ਮੇਰੇ ਵੀ ਪੈਰ ਚੁੰਮ ਕੇ, ਇਕ ਦਿਨ ਕਹੇਗੀ ਬੇੜੀ,
ਸਦ ਸ਼ੁਕਰ ਹੈ ਕਿ ਆਇਆ, ਮਹਿਬੂਬ ਅੰਤ ਮੇਰਾ।

**(ਸਲੀਬ- ਸੂਲੀ, ਯਜ਼ੀਦ- ਇਸਲਾਮ ਮੱਤ ਵਿੱਚ ਉਮੀਆਂ ਖਾਨਦਾਨ ਦੇ ਤਿੰਨ ਖਲੀਫੇ, ਜਿਨ੍ਹਾਂ ਵਿੱਚੋਂ ਪਹਿਲੇ ਨੇ ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤਿਆਂ ਹਸਨ-ਹੁਸੈਨ ਨੂੰ ਕਰਬਲਾ ਦੇ ਮੈਦਾਨ ਵਿੱਚ ਕਤਲ ਕਰਵਾਇਆ ਸੀ।)**

## ਅਭਿਆਸ ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਭੁੱਖ ਹੀ ਲੜਦੀ ਹੈ
ਸਰਹੱਦਾਂ ਦੇ ਉੱਤੇ ਭੁੱਖ ਨਾਲ
ਸਾਡੇ ਅਸਟੋਰਾਂ ਦੇ ਵਿੱਚ
ਬਾਰੂਦ ਦੇ ਹੀ ਨਾਲ ਨਾਲ ਭਰ ਰਹੇ
ਚਾਲਾਕ ਸੌਦਾਗਰ ਬਦੇਸ਼ੀ
ਆਪਣੀ ਮੰਡੀ ਦਾ ਮਾਲ।

(ਅ) ਕਿੰਨੀ ਕੁ ਦੇਰ ਆਖ਼ਰ, ਧਰਤੀ ਹਨੇਰ ਜਰਦੀ,
ਕਿੰਨੀ ਕੁ ਦੇਰ ਰਹਿੰਦਾ, ਖ਼ਾਮੋਸ਼ ਖ਼ੂਨ ਮੇਰਾ।

ਇਤਿਹਾਸ ਦੇ ਸਫ਼ੇ 'ਤੇ, ਵਕਤ ਦੇ ਪਰਾਂ 'ਤੇ,
ਉਂਗਲਾਂ ਡਬੋ ਲਹੂ ਵਿੱਚ, ਲਿਖਿਆ ਹੈ ਨਾਮ ਤੇਰਾ।

2.'ਇਹ ਲਹੂ ਲੋਕਾਂ ਦਾ ਹੈ' ਗ਼ਜ਼ਲ ਰਾਹੀਂ ਕਵੀ ਕੀ ਕਹਿਣਾ ਚਾਹੁੰਦਾ ਹੈ ?

3. 'ਸਾਡੇ ਅਸਟੋਰਾਂ 'ਚ ਹੈ ਬਾਰੂਦ ਭਰਿਆ' ਕਾਵਿ ਤੁਕਾਂ ਵਿੱਚ 'ਬਾਰੂਦ' ਸ਼ਬਦ ਕਿਸ ਵੱਲ ਸੰਕੇਤ ਕਰਦਾ ਹੈ ?

4. 'ਹਰ ਮੋੜ ਤੇ ਸਲੀਬਾਂ' ਗ਼ਜ਼ਲ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

5. 'ਬਦੇਸ਼ੀ ਸੋਦਾਗਰ' ਕੋਣ ਹਨ ? 'ਬਦੇਸ਼ੀ ਸੌਦਾਗਰ' ਕਵਿਤਾ ਦੇ ਆਧਾਰ 'ਤੇ ਬਿਆਨ ਕਰੋ।